# ਮਹਾਨ ਉਸਰਈਆ

ਮਜ਼ਦੂਰਾਂ ਤੇ ਕਿਸਾਨਾਂ ਦੇ ਸੋਵੀਅਟ
ਰਾਜ ਦੇ ਨੇਤਾ ਦਾ ਸੰਖੇਪ ਜੀਵਨ

---

—ਲੇਖਕ—

ਆਈਵਰ ਮਾਂਟੇਗੂ

SARDAR DYAL SINGH
LAHORE
LIBRARY.

ਲਾਹੌਰ

ਪ੍ਰੀਤ ਨਗਰ ਸ਼ਾਪ

੩੦ ਨਿਸਬਤ ਰੋਡ

ਸ੪੦ ਮਂ
29343

## ਨਵਾਂ ਤੇ ਉਸਾਰੂ ਸਾਹਿਤ

★


੧. ਲੈਨਿਨਿਜ਼ਮ ਦੀਆਂ ਨੀਹਾਂ, ਲੇਖਕ ਸਾਥੀ ਸਟਾਲਿਨ
੨. ਕਿਸਾਨੀ ਮਸਲਾ
੩. ਇਮਪੀਰੀਅਲਿਜ਼ਮ
੪. ਖ਼ੂਨੀ ਜਾਪਾਨ
੫. ਸੁਖੀ ਦੁਨੀਆ
੬. ਬਾਬਾ ਜਵਾਲਾ ਸਿੰਘ
੭. ਹਲ ਤੇ ਦਾਤੀ
੮. ਬੱਚੇ ਮਾਰ ਹਤਿਆਰੇ
੯. ਜ਼ੋਇਆ
੧੦. ਨਫ਼ਰਤ
੧੧. ਸੋਵੀਅਟ ਰੂਸ ਵਿਚ ਕੌਮੀ ਘਟ ਗਿਣਤੀਆਂ
੧੨. ਸੋਵੀਅਟ ਰੂਸ ਵਿਚ ਮਜ਼ਹਬ
੧੩. ,, ,, ,, ਬੱਚੇ
੧੪. ਸੋਵੀਅਟ ਰੂਸ ਦੀ ਲਾਲ ਫ਼ੌਜ
੧੫. ਸੋਵੀਅਟ ਰੂਸ ਦੀਆਂ ਬਹਾਦਰ ਕੁੜੀਆਂ
੧੬. ਕਸੀਨੀਆਂ ਤੇ ਹੋਰ ਰੂਸੀ ਕਹਾਣੀਆਂ
੧੭. ਅੱਖੀਂ ਡਿਠਾ ਰੂਸ (ਇਕਬਾਲ ਸਿੰਘ)
੧੮. ਦੇਸ਼ ਵਾਸਤੇ (ਕਹਾਣੀਆਂ)
੧੯. ਇਕ ਝਾਤ ਸੋਵੀਅਟ ਰੂਸ ਤੇ
੨੦. ਆਪਣਾ ਦੇਸ਼
੨੧. ਇਹ ਮੈਂ ਅੱਖੀਂ ਵੇਖਿਆ (ਐਡਗਰ ਸਨੋ)
੨੨. ਸਟਾਲਿਨ ਦੀ ਆਵਾਜ਼
੨੩. ਸੋਵੀਅਟ ਕਲਚਰ
੨੪. ਸਦੀਵੀ ਲੈਨਿਨਗਰਾਡ ਤੇ ਇਹਦੇ ਅਮਰ ਲੋਕ
੨੫. ਲਾਲ ਧਰਤੀ (ਕਹਾਣੀਆਂ)
੨੬. ਮਹਾਨ ਉਸਰਈਆ
੨੭. ਮੌਤੋਂ ਤਕੜੇ (ਕਹਾਣੀਆਂ)
੨੮. ਸੋਵੀਅਟ ਸਿਸਟਮ
੨੯. ਮਨੁੱਖਤਾ ਦੇ ਵੈਰੀ
੩੦. ਸੋਵੀਅਟ ਦੇ ੨੫ ਸਾਲ



ਪ੍ਰੀਤ ਨਗਰ ਸ਼ਾਪ,
੩੦ ਨਿਸਬਤ ਰੋਡ, ਲਾਹੌਰ

ਕਮਿਊਨਿਸਟ ਕਿਤਾਬ ਘਰ
੧੧੪ ਮੈਕਲੋਡ ਰੋਡ, ਲਾਹੌਰ




# ਮਹਾਨ ਉਸਰਈਆ

ਜੋਜ਼ਫ ਸਟਾਲਿਨ

★

੨੧ ਦਸੰਬਰ ੧੯੪੧ ਈਸਵੀ ਨੂੰ ਸਟਾਲਿਨ ਦੀ ੬੨ ਵੀਂ ਵਰ੍ਹੇ ਗੰਢ ਸੀ। ਇਨ੍ਹਾਂ ਇਕਾਠ ਵਰ੍ਹਿਆਂ ਦੇ ਅੰਦਰ ਨਾ ਕੇਵਲ ਇਸ ਦੇ ਆਪਣੇ ਜੀਵਨ ਵਿਚ ਹੀ ਬਹੁਤ ਸਾਰੀਆਂ ਤਬਦੀਲੀਆਂ ਹੋਈਆਂ, ਬਲਕਿ ਰੂਸ ਦੇ ਵੀਹ ਕਰੋੜ ਮਨੁੱਖਾਂ ਦੀ ਜ਼ਿੰਦਗੀ ਨੂੰ ਬਿਲਕੁਲ ਬਦਲ ਦੇਣ ਵਿਚ ਵੀ ਇਸ ਦਾ ਬਹੁਤ ਸਾਰਾ ਹਿਸਾ ਹੈ। ਪਹਿਲਾਂ ਰੂਸ ਵਿਚ ਬਹੁਤ ਸਾਰੀਆਂ ਕੌਮਾਂ ਆਬਾਦ ਸਨ, ਉਨ੍ਹਾਂ ਵਿਚ ਆਪਸ ਦੇ ਝਗੜੇ ਤੇ ਫੁਟ ਹੋਣ ਸਦਕਾ ਉਹ ਇਕ ਦੂਜੇ ਨੂੰ ਜਾਨੋਂ ਮਾਰ ਦੇਣ ਲਈ ਤਿਆਰ ਰਹਿੰਦੀਆਂ ਸਨ – ਪਰ ਅਜ ਸਟਾਲਿਨ ਦੀ ਸਰਦਾਰੀ ਹੇਠਾਂ ਉਹ ਸਾਰੀਆਂ ਕੌਮਾਂ ਇਕੱਠੀਆਂ ਹੋ ਕੇ ਇਕ ਟੱਬਰ ਬਣ ਗਈਆਂ ਹਨ ਤੇ

ਸਾਰੀ ਸਭਿਅਤਾ ਨੂੰ ਨਾਸ ਹੋਣ ਤੋਂ ਬਚਾ ਰਹੀਆਂ ਹਨ। ਜਿਸ ਤੂਫ਼ਾਨ ਅਗੇ ਬੜੀਆਂ ਬਹਾਦਰ ਕੌਮਾਂ ਨਹੀਂ ਠਹਿਰ ਸਕੀਆਂ ਤੇ ਮਿਟੀ ਵਿਚ ਮਿਲ ਗਈਆਂ – ਉਸੇ ਤੂਫ਼ਾਨ ਅਗੇ ਉਹ ਅਜ ਇਕ ਅਟੱਲ ਤੇ ਤਾਕਤਵਰ ਚਟਾਨ ਵਾਂਗ ਬੜੀ ਸ਼ਾਨ ਨਾਲ ਡਟ ਕੇ ਮੁਕਾਬਲਾ ਕਰ ਰਹੇ ਹਨ। ਉਹ ਮਨੁੱਖ ਕਿਹੋ ਜਿਹਾ ਹੈ, ਜਿਸ ਦਾ ਸਦਕਾ ਇਹ ਸਭ ਕੁਝ ਸੰਭਵ ਹੋ ਸਕਿਆ ਹੈ ?

ਸਟਾਲਿਨ ਦਾ ਜਨਮ ਜਾਰਜੀਆ ਦੇ ਗੋਰੀ ਸ਼ਹਿਰ ਵਿਚ ੧੮੭੯ ਵਿਚ ਹੋਇਆ ਸੀ। ਇਕ ਛੋਟੇ ਜਿਹੇ ਘਰ ਵਿਚ – ਜਿਸਦੀਆਂ ਨੀਹਾਂ ਇਟਾਂ ਦੀਆਂ, ਕੰਧਾਂ ਲਕੜੀ ਦੀਆਂ ਤੇ ਛਤ ਤਖ਼ਤਿਆਂ ਦੀ ਸੀ – ਏਸ ਮਹਾਂ ਪੁਰਸ਼ ਦੀ ਪਾਲਣਾ ਹੋਈ।

ਸ਼ਹਿਰ ਦੇ ਕਿਨਾਰੇ, ਮੋਚੀਆਂ ਦੀ ਗਲੀ ਵਿਚ ਇਹ ਘਰ ਸੀ। ਸਟਾਲਿਨ ਦੇ ਇਕ ਬਚਪਨ ਦੇ ਸਾਥੀ ਨੇ ਲਿਖਿਆ ਹੈ, "ਜਿਸ ਕਮਰੇ ਵਿਚ ਇਹ ਪਰਵਾਰ ਰਹਿੰਦਾ ਸੀ, ਉਹ ਕੇਵਲ ਪੰਜ ਗਜ਼ ਮੁਰੱਬਾ ਸੀ, ਅਤੇ ਰਸੋਈ ਵੀ ਉਸੇ ਵਿਚ ਹੀ ਸੀ – ਘਰ ਵਿਚ ਪੌੜੀ ਵੀ ਨਹੀਂ ਸੀ। ਇਸ ਕਮਰੇ ਵਿਚ ਇਕ ਛੋਟੀ ਜਿਹੀ ਮੇਜ਼, ਇਕ ਸਟੂਲ ਤੇ ਇਕ ਵਡਾ ਸਾਰਾ ਪਲੰਘ ਪਿਆ ਸੀ - ਬਸ ਇਹ ਸੀ ਇਨ੍ਹਾਂ ਦਾ ਸਾਰਾ ਸਾਮਾਨ।"

ਸਟਾਲਿਨ ਦਾ ਪਿਤਾ ਵਿਸੋਰੀਅਨ ਮੋਚੀ ਦਾ ਕੰਮ ਕਰਦਾ ਸੀ। ਉਹ ਘਰ ਦੇ ਨੇੜੇ ਇਕ ਫੈਕਟਰੀ ਵਿਚ ਨੌਕਰੀ ਕਰਦਾ ਤੇ ਵਿਹਲੇ ਵਕਤ ਘਰ ਵਿਚ ਜੁੱਤੀਆਂ ਦੀ ਮੁਰੰਮਤ ਕਰਦਾ ਸੀ। ਸਟਾਲਿਨ ਦੀ ਮਾਂ ਕੈਥਰਾਈਨ ਨੂੰ ਘਰ ਦਾ ਗੁਜ਼ਾਰਾ ਕਰਨ ਲਈ ਧੋਬਣ ਦਾ ਕੰਮ ਕਰਨਾ ਪੈਂਦਾ। ਕੁਝ ਸਾਲ ਪਹਿਲਾਂ ਜਾਰਜੀਆ ਦੀ ਰਾਜਧਾਨੀ ਤਿਫਲਸ ਵਿਚ ਉਹ ਪੂਰੀ ਹੋ ਗਈ। ਇਕ ਪਰਦੇਸੀ ਨੇ ਲਿਖਿਆ ਹੈ, ਕਿ ਉਹ ਸਤਕਾਰ ਤੇ ਇਜ਼ਤ ਵਾਲੀ ਪੁਰਾਣੇ ਢੰਗ ਦੀ ਪੁਸ਼ਾਕ ਪਾਣ ਵਾਲੀ ਇਕ ਸਾਊ ਇਸਤ੍ਰੀ ਸੀ, ਕਾਲੇ ਰੁਮਾਲ ਨਾਲ ਆਪਣਾ ਸਿਰ ਢਕ ਕੇ ਰਖਦੀ ਸੀ।



## ਸਟਾਲਿਨ ਦਾ ਬਚਪਨ

ਸਤ ਸਾਲ ਦੀ ਅਵਸਥਾ ਵਿਚ ਸਟਾਲਿਨ ਨੇ ਜਾਰਜੀ ਤੇ ਹੋਰ ਰੂਸੀ ਜ਼ਬਾਨਾਂ ਪੜ੍ਹਨੀਆਂ ਸ਼ੁਰੂ ਕੀਤੀਆਂ। ਗਰੀਬ ਹੁੰਦਿਆਂ ਹੋਇਆਂ ਵੀ ਉਹਦੇ ਮਾਪਿਆਂ ਨੇ ਗੋਰੀ ਦੇ ਮਜ਼੍ਹਬੀ ਸਕੂਲ ਵਿਚ ਉਹਨੂੰ ਪੜ੍ਹਾਣ ਦਾ ਇੰਤਜ਼ਾਮ ਕਰ ਦਿਤਾ। ਲੈਨਿਨ ਵਾਂਗ ਸਟਾਲਿਨ ਵੀ ਮਿਹਨਤੀ ਸੀ, ਇਸੇ ਕਰ ਕੇ ਇਹ ਸਕੂਲ ਵਿਚੋਂ ਸਭਨਾਂ ਨਾਲੋਂ ਬਹੁਤੇ ਨੰਬਰ ਲੈਂਦਾ। ਇਹ ਸਕੂਲ ਛਡਣ ਤੇ ਉਹਨੂੰ ਇਕ ਸਰਟੀਫ਼ਿਕੇਟ ਵੀ ਮਿਲਿਆ। ੧੮੯੪ ਈਸਵੀ ਵਿਚ ਉਹ ਤਿਫ਼ਲਿਸ ਦੇ ਈਸਾਈ ਸਕੂਲ ਵਿਚ ਦਾਖ਼ਲ ਹੋ ਗਿਆ।

ਧਾਰਮਿਕ ਸਕੂਲ ਵਿਚ ਹੀ ਸਟਾਲਿਨ ਡਾਰਵਿਨ ਤੇ ਮਾਰਕਸ ਦੇ ਇਨਕਲਾਬੀ ਖ਼ਿਆਲਾਂ ਤੋਂ ਜਾਣੂ ਹੋ ਚੁਕਿਆ ਸੀ। ਮਜ਼੍ਹਬੀ ਸਕੂਲ ਵਿਚ ਇਹਨੂੰ ਜ਼ਾਰਸ਼ਾਹੀ ਦੇ ਜ਼ਾਲਮ ਨਜ਼ਾਮ ਦਾ ਤਜਰਬਾ ਹੋਇਆ, ਜਿਹੜਾ ਜਾਸੂਸੀ ਤੇ ਪੁਲਿਸ ਦੀ ਧੱਕੇ ਸ਼ਾਹੀ ਦੇ ਸਿਰ ਚਲਦਾ ਸੀ। ਇਸ ਵਰਤਾਓ ਨੇ ਸਟਾਲਿਨ ਦੇ ਦਿਲ ਵਿਚ ਇਸ ਹਕੂਮਤ ਨੂੰ ਉਲਟ ਪੁਲਟ ਕਰ ਦੇਣ ਦੇ ਬੀ ਬੀਜ ਦਿਤੇ। ਸਟਾਲਿਨ ਲਿਖਦਾ ਹੈ, "ਸਕੂਲ ਦੇ ਇਸ ਅਪਮਾਨ ਭਰੇ ਵਤੀਰੇ ਤੇ ਕੱਟੜ ਧਾਰਮਕ ਤਰੀਕਿਆਂ ਦੇ ਵਿਰੋਧ ਵਿਚ ਮੈਂ ਇਨਕਲਾਬੀ ਬਣਨ ਵਾਸਤੇ ਤਿਆਰ ਹੋ ਗਿਆ ਤੇ ਬਾਅਦ ਵਿਚ ਬਣ ਵੀ ਗਿਆ।"

ਪੰਦਰਵੇਂ ਵਰ੍ਹੇ ਵਿਚ ਸਟਾਲਿਨ ਦਾ ਸਬੰਧ ਟਰਾਂਸਕਾਕੇਸ਼ੀਆ ਦੇ ਕਈ ਗੁਪਤ ਮਾਰਕਸਵਾਦੀ ਦਲਾਂ ਨਾਲ ਹੋ ਗਿਆ। ਉਹ ਇਕ ਤੁਰਦੀ ਫਿਰਦੀ ਲਾਇਬਰੇਰੀ ਦਾ ਮੈਂਬਰ ਬਣ ਗਿਆ, ਹਾਲਾਂ ਕਿ ਸਕੂਲ ਵਿਚ ਇਹਨਾਂ ਕਿਤਾਬਾਂ ਦੇ ਪੜ੍ਹਨ ਦੀ ਮਨਾਹੀ ਸੀ। ਇਤਿਹਾਸ ਤੇ ਦੁਨੀਆ ਦਾ ਸਾਹਿਤ, ਜਿਸ ਵਿਚ ਸ਼ੈਕਸਪੀਅਰ ਦੀਆਂ ਰਚਨਾਆਂ ਵੀ ਸ਼ਾਮਲ ਸਨ, ਇਸ ਨੇ ਸਭ ਪੜ੍ਹ ਲਿਆ। ਵਿਦਿਆਰਥੀਆਂ ਨੇ ਇਕ ਇਕ ਪੈਸਾ ਇਕੱਠਾ ਕਰ ਕੇ ਮਾਰਕਸ ਦੀ ਸੰਸਾਰ ਪ੍ਰਸਿਧ "ਕੈਪੀਟਲ" (ਸਰਮਾਇਆ)

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.